This question paper contains 2 printed pages]

**Roll No.** | | | | | | | | | | | |

S. No. of Question Paper : 5306

Unique Paper Code : **212182** **G**

Name of the Paper : **Punjabi-B**

Name of the Course : **B.Com. (Prog.)**

Semester : **I**

Duration : **3 Hours** Maximum Marks : 75

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਪੁਸਤਕ ਗੱਦ ਪ੍ਰਵਾਹ ਵਿਚਲੇ ਲੇਖਾਂ ਵਿਚੋਂ ਕਿਸੇ **ਇਕ** ਲੇਖ ਦਾ ਆਲੋਚਨਾਤਮਕ ਅਧਿਐਨ ਕਰੋ। 15

2. ਰੇਖਾ ਚਿੱਤਰ ਕਿਸ ਨੂੰ ਆਖਦੇ ਹਨ ਅਤੇ ਇਸ ਦੇ ਕਿਹੜੇ-ਕਿਹੜੇ ਤੱਤ ਹਨ? ਜਾਣੂ ਕਰਾਓ। 10

ਜਾਂ

ਪੁਸਤਕ ਗੱਦ ਪ੍ਰਵਾਹ ਵਿਚਲੇ ਰੇਖਾ ਚਿੱਤਰਾਂ ਵਿਚੋਂ ਤੁਹਾਨੂੰ ਕਿਹੜਾ ਰੇਖਾ ਚਿੱਤਰ ਸਭ ਤੋਂ ਵੱਧ ਪਸੰਦ ਹੈ ਤੇ ਕਿਉਂ ਵਿਚਾਰ ਕਰੋ।

3. ਨਿਮਨਲਿਖਿਤ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ : 10

ਮਿੱਤਰਤਾ ਹੀ ਜ਼ਿੰਦਗੀ ਦੀ ਉਚਾਈ ਦਾ ਨਾਪ ਹੈ। ਮਿੱਤਰ ਬਣਨ ਲਈ ਬੜੀਆਂ ਕੋਮਲ ਸਿਫ਼ਤਾ ਚਾਹੀਦੀਆਂ ਹਨ। ਮਿੱਤਰਤਾ ਜ਼ਿੰਦਗੀ ਦਾ ਅਤਿ ਸੋਹਣਾ ਦ੍ਰਿਸ਼ ਹੈ। ਮਿੱਤਰ ਲਈ ਕੁਰਬਾਨ ਹੋ ਜਾਣ ਨਾਲੋਂ ਪ੍ਰੇਰਨਾ-ਭਰੀ ਮਨ ਸ਼ੁਧ ਕਰਨ ਵਾਲੀ ਘਟਨਾ ਘੱਟ ਹੀ ਕੋਈ ਹੋਰ ਖ਼ਿਆਲ ਕੀਤੀ ਜਾ ਸਕਦੀ ਹੈ। ਗਾਹਕ ਨੂੰ ਮਿੱਤਰ ਬਣਾਓ, ਗੁਆਂਢੀ ਨੂੰ ਮਿੱਤਰ ਬਣਾਓ। ਜਿਸ ਨਾਲ ਤੁਹਾਡਾ ਵਾਹ ਪੈਂਦਾ ਹੈ, ਜਦ ਤਕ ਤੁਸੀਂ ਉਸ ਨੂੰ ਆਪਣਾ ਮਿੱਤਰ ਬਣਾਉਣ ਵਿਚ ਕਾਮਯਾਬ ਨਹੀਂ ਹੁੰਦੇ ਤੁਹਾਡਾ ਤੌਖਲਾ ਦੂਰ ਨਹੀਂ ਹੋਵੇਗਾ। ਸਭ ਡਰ, ਸਭ ਸਹਿਮ, ਸਭ ਓਹਲੇ ਇਸ ਲਈ ਹਨ, ਕਿ ਦੂਜੀ ਧਿਰ ਦੀ ਮਿੱਤਰਤਾ ਦਾ ਯਕੀਨ ਨਹੀਂ ਹੁੰਦਾ। ਮਿੱਤਰਾਂ ਸਾਹਮਣੇ ਸਾਡੀ ਜ਼ੁਬਾਨ ਵੀ ਸਾਫ਼ ਤੁਰਦੀ ਹੈ, ਸਾਡਾ ਕਦਮ ਵੀ ਤਿੱਖਾ ਪੁੱਟਿਆ ਜਾਂਦਾ ਹੈ, ਸਾਨੂੰ ਅਕਲਾਂ ਵੀ ਚੰਗੀਆਂ ਸੁੱਝਦੀਆਂ ਹਨ, ਪਰ ਜਿੱਥੇ ਦੂਜੀ ਧਿਰ ਦੀ ਮਿੱਤਰਤਾ ਦਾ ਸ਼ੱਕ ਹੈ, ਉੱਥੇ ਹੀ ਸਾਡੀ ਜ਼ੁਬਾਨ ਥਿੜਕ ਜਾਂਦੀ ਹੈ।

**ਪ੍ਰਸ਼ਨ :**

i) ਮਿੱਤਰਤਾ ਕੀ ਹੈ?

ii) ਮਿੱਤਰ ਸੰਬੰਧੀ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਕਿਸ ਤਰ੍ਹਾਂ ਦੀ ਖ਼ਿਆਲ ਕੀਤੀ ਜਾ ਸਕਦੀ ਹੈ?

iii) ਮਿੱਤਰ ਬਣਾਉਣਾ ਕਿਉਂ ਜ਼ਰੂਰੀ ਹੈ?

iv) ਉਪਰੋਕਤ ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਓ।

4. ਉਪਮਾ ਤੇ ਰੂਪਕ ਅਲੰਕਾਰ ਵਿਚਲਾ ਭੇਦ ਉਦਾਹਰਨਾਂ ਸਹਿਤ ਸਮਝਾਓ। 10

ਜਾਂ

ਅਲੰਕਾਰ ਦੀ ਪਰਿਭਾਸ਼ਾ ਕਰਦੇ ਹੋਏ, ਉਸ ਦੇ ਭੇਦ ਲਿਖੋ।

5. ਹੇਠ ਲਿਖੇ ਕਿਸੇ **ਪੰਜ** ਵਾਕਾਂ ਦਾ ਵਟਾਂਦਰਾ ਵਚਨ ਬਦਲ ਕੇ ਕਰੋ : 10

i) ਮੁੰਡਾ ਖੇਡ ਰਿਹਾ ਹੈ।

ii) ਕਿਤਾਬ ਮੇਜ਼ 'ਤੇ ਪਈ ਹੈ।

iii) ਮੇਰੀ ਅੱਖ ਦੁਖਦੀ ਹੈ।

iv) ਬਿਸਤਰ ਲਗਾ ਦਿਓ।

v) ਮੈਂ ਦੁਕਾਨ 'ਤੇ ਘੜੀ ਦੇਖੀ।

vi) ਘੋੜਾ ਸੜਕ 'ਤੇ ਦੌੜਦਾ ਹੈ।

vii) ਧੋਬੀ ਨੇ ਕੱਪੜੇ ਧੋਤੇ।

6. ਸ਼ਬਦ ਜੋੜਾਂ ਦੇ 'ਹ' ਧੁਨੀ ਨਾਲ ਸੰਬੰਧਿਤ ਨੇਮ ਲਿਖੋ। 10

ਜਾਂ

ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰੋ :

ਪਿਯਾਰ, ਹਿਰਦਯ, ਸਮਯ, ਸ਼ੈਹਰ, ਕੈਹਰ, ਮੇਹਰ, ਅਸਚਰਯ, ਪਾਨੀ, ਲਿਖਨਾ, ਮੋਹਲਤ

7. ਹੇਠ ਲਿਖੇ ਕਿਸੇ **ਪੰਜ** ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਉ : 10

ਨੱਕ ਵੱਢਣਾ, ਦਿਲ ਖੱਟਾ ਹੋਣਾ, ਦੰਦ ਕੱਢਣੇ, ਥੁੱਕ ਕੇ ਚੱਟਣਾ, ਡੁੱਬ ਮਰਨਾ, ਟਾਲ ਮਟੋਲ ਕਰਨਾ, ਕੰਨ ਭਰਨੇ